ਗੁਰਮਤਿ ਸਿੱਖਿਆ ਕੈਂਪ (13-23 ਜੁਲਾਈ)2026

ਕੈਂਪ ਦੇ ਨਿਯਮ:
ਕੈਂਪ ਵਿਚ ਹਿੱਸਾ ਲੈਣ ਵਾਲੇ ਬੱਚਿਆਂ ਦੀ ਰਜਿਸ਼ਟ੍ਰੇਸ਼ਨ ਜਰੂਰੀ ਹੈ। ਬਿਨਾ ਰਜਿਸਟ੍ਰੇਸ਼ਨ ਕੈਂਪ ਵਿਚ ਹਿੱਸਾ ਲੈਣਾ ਸੰਭਵ ਨਹੀਂ ਹੋਵੇਗਾ।
ਕੈਂਪ ਦੌਰਾਨ ਸਮੇਂ ਸਿਰ ਬੱਚਿਆਂ ਦਾ ਗੁਰੂ ਘਰ ਵਿਚ ਹਾਜ਼ਿਰ ਹੋਣਾ ਲਾਜ਼ਮੀ ਹੈ। ਜਿਸ ਦੀ ਪੂਰੀ ਜਿੰਮੇਵਾਰੀ ਮਾਪਿਆਂ ਦੀ ਹੋਵੇਗੀ।
ਕੈਂਪ ਦੀ ਸ਼ੁਰੂਆਤ ਰੋਜ਼ਾਨਾ ਸ਼ਾਮ 6 ਵਜੇ ਗੁਰੂ ਦਰਬਾਰ ਵਿਚ ਰਹਿਰਾਸ ਸਾਹਿਬ ਜੀ ਦੇ ਪਾਠ ਨਾਲ ਹੋਵੇਗੀ।
ਅਧਿਆਪਕ ਸਾਹਿਬਾਨ ਅਤੇ ਸੇਵਾਦਾਰਾਂ ਦਾ ਸਮੇਂ ਸਿਰ ਹਾਜ਼ਿਰ ਹੋਣਾ ਵੀ ਜਰੂਰੀ ਹੈ।
ਬੱਚਿਆਂ ਦੇ ਵੱਖ ਵੱਖ ਮੁਕਾਬਲਿਆਂ ਵਿਚ ਜੱਜ ਸਾਹਿਬਾਨ ਦਾ ਫੈਸਲਾ ਅੰਤਿਮ ਅਤੇ ਪਰਵਾਨਿਤ ਹੋਵੇਗਾ।
ਕੈਂਪ ਕਲਾਸਾਂ ਦਾ ਸਮਾਂ: ਸ਼ਾਮ 6 ਤੋਂ 9 ਵਜੇ ਤੱਕ ਰਹੇਗਾ।

ਉਦੇਸ਼:
ਗੁਰਮਤਿ ਸਿੱਖਿਆ ਕੈਂਪ ਦਾ ਮੁੱਖ ਮਕਸਦ ਮੁੱਢਲੇ ਰੂਪ ਵਿਚ ਆਪਣੀ ਨਵੀਂ ਪੀੜੀ ਵਿਚ ਮਾਤ ਭਾਸ਼ਾ ਨੂੰ ਸਿੱਖਣ, ਸਮਝਣ ਦਾ ਪਿਆਰ ਅਤੇ ਜਾਗ੍ਰਿਤੀ ਪੈਦਾ ਕਰਨਾ, ਅਪਣੇ ਸਭਿਆਚਾਰ ਦਾ ਸਤਿਕਾਰ ਅਤੇ ਮਾਨ ਮਹਿਸੂਸ ਕਰਵਾਉਣਾ, ਧਾਰਮਿਕ ਜੀਵਨ ਅਪਣਾਉਣ ਅਤੇ ਜੀਉਣ ਦੀ ਚੇਤਨਾ ਪੈਦਾ ਕਰਨਾ ਹੈ।

ਮਾਤ ਭਾਸ਼ਾ, ਧਰਮ ਅਤੇ ਸਭਿਆਚਾਰ
ਰੂਪ-ਰੇਖਾ:

ਵਿਦਿਆਰਥੀਆਂ ਦੇ ਸਿਖਣ ਦੇ ਮਿਆਰ ਨੂੰ ਮੁੱਖ ਰੱਖਦਿਆਂ ਉਮਰ ਦੇ ਹਿਸਾਬ ਨਾਲ ਚਾਰ ਗਰੁਪ ਬਣਾਏ ਗਏ ਹਨ:

ਬਾਬਾ ਅਜੀਤ ਸਿੰਘ ਜੀ- 15 ਤੋਂ 18
ਬਾਬਾ ਜੁਝਾਰ ਸਿੰਘ ਜੀ- 10 ਤੋਂ 14
ਬਾਬਾ ਜੋਰਾਵਰ ਸਿੰਘ ਜੀ- 6 ਤੋਂ 10
ਬਾਬਾ ਫਤਹਿ ਸਿੰਘ ਜੀ- 4 ਤੋਂ 5

ਮਾਤ ਭਾਸ਼ਾ ਸੰਬੰਧੀ ਮੁਕਾਬਲਿਆਂ ਲਈ:
ਪੈਂਤੀ ਅੱਖਰੀ ਲਿਖਨੀ
ਸੁੰਦਰ ਲਿਖਾਈ (ਲੇਖ)
ਕਵਿਤਾ
ਵਖਿਆਨ

ਸਭਿਆਚਾਰਕ ਮੁਕਾਬਲਿਆਂ ਲਈ:
ਸਿੱਖ ਜਾਂ ਪੰਜਾਬੀ ਪਹਿਰਾਵਾ (ਖਾਲਸਾਈ ਪੌਸ਼ਾਕ, ਸੂਟ, ਕੁਰਤਾ ਪਜਾਮਾਂ)
ਚਿੱਤਰਕਾਰੀ (ਸਿੱਖ ਚਿੰਨ, ਵਿਰਾਸਤੀ ਚਿੱਤਰ, ਆਦਿ)
ਪਰਿਵਾਰਿਕ ਰਿਸ਼ਤੇ (ਦਾਦਕੇ-ਨਾਨਕੇ)
ਘਰ ਦਾ ਸਮਾਨ, ਔਰਤ-ਮਰਦ ਦੇ ਗਹਿਣੇ, ਵਿਰਾਸਤੀ ਖੇਤੀ ਦੇ ਸੰਦ ਆਦਿ

ਧਾਰਮਿਕ ਮੁਕਾਬਲਿਆਂ ਲਈ:
ਗੁਰਬਾਣੀ ਕੀਰਤਨ
ਗੁਰਬਾਣੀ ਕੰਠ

ਗੁਰਦੁਆਰਾ ਮਰਿਯਾਦਾ
ਦਸ ਪਾਤਸ਼ਹੀਆਂ ਬਾਰੇ ਸੰਖੇਪ ਪ੍ਰਸ਼ਨੋਤਰੀ
ਅਰਦਾਸ।
ਸ਼ਾਮਿਲ ਕੀਤੇ ਗਏ ਹਨ।

ਸੌ ਸਵਾਲ ਲਿਖਤੀ ਮੁਕਾਬਲਾ(10-18 ਸਾਲ ਲਈ ਵਿਸ਼ੇਸ਼)

ਧਰਮ, ਭਾਸ਼ਾ ਅਤੇ ਸਭਿਆਚਾਰ ਨਾਲ ਸੰਬੰਧਿਤ ਵਿਦਵਾਨ ਅਤੇ ਮਾਹਿਰਾਂ ਦੇ ਸਿੱਖਿਆ ਵਰਧਕ ਵਖਿਆਨ ਵਿਦਿਆਰਥੀਆਂ ਲਈ ਰੋਚਕ ਅਤੇ ਪ੍ਰੇਰਣਾਦਾਇਕ ਹੋਣਗੇ।

ਕੈਂਪ ਦੌਰਾਨ ਵਿਦਿਆਰਥੀਆਂ ਦਾ ਪਹਿਰਾਵਾ ਅਤੇ ਵਿਵਹਾਰ ਸਭਿਆਚਾਰਕ ਤੌਰ ਤਰੀਕੇ ਵਾਲਾ ਹੋਵੇ ਇਸ ਲਈ ਮਾਪੇ ਬੱਚਿਆਂ ਨੂੰ ਪ੍ਰੇਰਣਾ ਅਤੇ ਤਿਆਰੀ ਕਰਵਾਉਣ ਵਿਚ ਮੁੱਖ ਸਹਾਇਕ ਵੱਜੋਂ ਭੂਮਿਕਾ ਨਿਭਾਉਣ ਦੀ ਖੇਚਲ ਕਰਨ।

ਅੰਤਿਮ ਦਿਨ ਕੈਂਪ ਵਿਚ ਸ਼ਮੂਲੀਅਤ ਕਰਨ ਵਾਲੇ ਵਿਦਿਆਰਥੀਆਂ ਨੂੰ ਅਤੇ ਵੱਖ ਵੱਖ ਮੁਕਾਬਲਿਆਂ ਵਿਚ ਪਹਿਲਾ-ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਜਾਣਗੇ ।

# ਸਿੱਖ ਸੋਸਾਇਟੀ ਕੈਲਗਰੀ ਵੱਲੋਂ ਗੁਰਮਤਿ ਸਿੱਖਿਆ ਕੈਂਪ-2026

**Gurmat Sikheya Camp-2026 hosted by Sikh Society of Calgary**

ਗੁਰਮਤਿ ਸਿੱਖਿਆ ਕੈਂਪ(ਜੁਲਾਈ 13 ਤੋਂ 23) ਵਿਚ ਹਿੱਸਾ ਲੈਣ ਵਾਲੇ ਸਿੱਖਿਆਰਥੀ ਦਾ ਵੇਰਵਾ:
Details of the Participant enrolled in the 'Gurmat Sikheya Camp'(July 13 to July 23)

ਸਿੱਖਿਆਰਥੀ ਦਾ ਨਾਂ:
Name of the Participant:

ਮਾਤਾ/ਪਿਤਾ ਦਾ ਨਾਂ:
Father's/Mother's Name:

ਉਮਰ:
Age:

ਪਤਾ:
Address:

ਈਮੇਲ:
Email:

ਫੋਨ ਨੰਬਰ:
Contact Number(Phone/Cell Phone):

**ਜਰੂਰੀ ਬੇਨਤੀ-** ਗੁਰਮਤਿ ਸਿੱਖਿਆ ਕੈਂਪ ਵਿਚ ਹਿੱਸਾ ਲੈਣ ਵਾਲੇ ਸਿੱਖਿਆਰਥੀਆਂ ਲਈ ਨਿਯਮਿਤ ਸਿੱਖਿਆ ਕਲਾਸਾਂ ਵਿਚ ਸਮੇਂ ਸਿਰ ਹਾਜ਼ਿਰ ਹੋਣਾ ਅਤਿ ਜਰੂਰੀ ਹੈ। ਕੈਂਪ ਦੇ ਨਿਯਮਾਂ ਪਾ ਪਾਲਣ ਕਰਨਾ ਲਾਜ਼ਮੀ ਹੋਵੇਗਾ। ਸਿੱਖਿਆਰਥੀਆਂ ਨੂੰ ਸਮੇਂ ਸਿਰ ਕੈਂਪ ਵਿਚ ਪਹੁੰਚਾਉਣ ਦੀ ਜਿੰਮੇਵਾਰੀ ਮਾਪਿਆਂ ਦੀ ਹੋਵੇਗੀ।
**Important Notice:** It is mandatory for the Participants participating in the "Gurmat Sikheya Camp" to attend the classes regularly and on time. It will be compulsory for the participants to follow the code of conduct of the Camp. It is the responsibility of the parents of the participats to drop them for the camp on time.

ਮਾਤਾ/ ਪਿਤਾ ਦੇ ਹਸਤਾਖਰ-
Signature(Parents)

ਮਿਤੀ:
Date: